# ਪੰਜਾਬ ਸਰਕਾਰ
# ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ।

ਸੇਵਾ ਵਿਚ

ਸਮੂਹ ਡਿਪਟੀ ਕਮਿਸ਼ਨਰ,
ਪੰਜਾਬ ਰਾਜ ਵਿੱਚ।

ਮੀਮੋ ਨੰਬਰ ਐਸ.ਏ.(ਬਜਟ/ਫੰਡ)-ਬੀ.ਜੀ-1/5/(234)-2017/ 151
ਮਿਤੀ ਚੰਡੀਗੜ੍ਹ: 23.03.2017

ਵਿਸ਼ਾ : **ਖੁਰਾਕ ਜਿਨਸਾਂ ਦੀ ਢੋਆ-ਢੁਆਈ ਅਤੇ ਸਟੋਰੇਜ਼ ਕੇਂਦਰਾਂ ਲਈ ਲੇਬਰ/ਕਾਰਟੇਜ ਅਤੇ ਪੀ.ਈ.ਜੀ. ਗੁਦਾਮਾਂ ਦੇ ਲੇਬਰ ਕੰਮ ਦੀ ਠੇਕਾ ਪੂਰਤੀ ਸਾਲ 2017-18 ਸਬੰਧੀ ਜਾਰੀ ਪਾਲਿਸੀ ਹਦਾਇਤਾਂ ਸਬੰਧੀ।**

ਹਵਾਲਾ ਮੁੱਖ ਦਫਤਰ ਦਾ ਪੱਤਰ ਮੀਮੋ ਨੰ: ਐਸ.ਏ.(ਬ/ਫ)ਬੀ.ਜੀ. 1/5 (234)-2017/130-33 ਮਿਤੀ 18.03.2017, ਪੱਤਰ ਨੰ: 134-137, ਮਿਤੀ 18.03.2017 ਅਤੇ ਪੱਤਰ ਨੰ: 150 ਮਿਤੀ 23.03.2017 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2- ਉਕਤ ਪੱਤਰ (ਕਾਪੀ ਨੱਥੀ) ਰਾਹੀਂ ਆਪ ਨੂੰ ਵਿਸ਼ੇ ਅਧੀਨ ਕੰਮ ਲਈ ਕੀਤੀ ਜਾਣ ਵਾਲੀ ਟੈਂਡਰ ਪ੍ਰਕਿਰਿਆ ਨੂੰ ਮੁਕੰਮਲ ਕਰਨ ਪਾਲਿਸੀ ਹਦਾਇਤਾਂ ਵਿੱਚ ਲੋੜੀਂਦੇ ਤਜਰਬੇ ਦੀ ਕਲਾਜ਼ ਨੂੰ ਖਤਮ/ਰੱਦ ਕਰਨ ਲਈ ਅੰਸ਼ਿਕ ਸੋਧਾਂ ਕੀਤੀਆਂ ਗਈਆਂ ਹਨ ਇਸ ਸਬੰਧੀ ਮਿਤੀ 23.03.2017 ਨੂੰ ਜਾਰੀ ਹਦਾਇਤਾਂ ਦੇ ਸਨਮੁੱਖ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਇਸ ਕੰਮ ਲਈ, ਸਮੂਹ ਖਰੀਦ ਅਜੰਸੀਆਂ ਦੇ ਮੁਖੀਆਂ/ ਟ੍ਰਾਂਸਪੋਰਟਰਾਂ ਅਤੇ ਲੇਬਰ ਯੂਨੀਅਨਾਂ ਅਤੇ ਹੋਰ ਸੰਭਾਵੀ ਟੈਂਡਰਕਾਰਾਂ ਨਾਲ ਮੀਟਿੰਗ ਕਰਕੇ ਇਸ ਕੰਮ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਬਣਦੇ ਯਤਨ ਕੀਤੇ ਜਾਣ ਅਤੇ ਲੋੜੀਂਦੇ ਇੰਤਜਾਮ ਕਰਦੇ ਹੋਏ ਟੈਂਡਰਕਾਰਾਂ ਨੂੰ ਟੈਂਡਰ ਪਾਉਣ ਲਈ ਪ੍ਰਤੋਸਾਹਿਤ ਕੀਤਾ ਜਾਵੇ।

3- ਹੁਣ ਨਾਲ ਨੱਥੀ ਇਸ਼ਤਿਹਾਰ (ਕਾਪੀ ਨੱਥੀ) ਮਿਤੀ 24-03-2016 ਨੂੰ ਛਪਣ ਵਾਲੀਆਂ ਛੇ ਪ੍ਰਚਲਿਤ ਅਖਬਾਰਾਂ ਵਿੱਚ ਪ੍ਰਕਾਸ਼ਿਤ ਹੋ ਜਾਵੇਗਾ, ਜਿਸ ਰਾਹੀਂ ਪੰਜਾਬ ਰਾਜ ਦੇ ਸਮੂਹ ਜਿਲਿਆਂ ਵਿੱਚ ਮਿਤੀ 24-03-2017 ਤੋਂ ਵਧਾ ਕੇ ਮਿਤੀ 28-03-2017, ਸ਼ਾਮ 5-00 ਵਜੇ ਤੱਕ ਚਾਹਵਾਨ ਟੈਂਡਰਕਾਰਾਂ ਵੱਲੋਂ ਟੈਂਡਰ ਪਾਏ ਜਾਣਗੇ ਅਤੇ ਪੰਜਾਬ ਰਾਜ ਦੇ ਸਮੂਹ ਜਿਲਿਆਂ ਵਿੱਚ ਪਾਏ ਗਏ ਟੈਡਰ ਮਿਤੀ 29-03-2017 ਨੂੰ ਸਵੇਰੇ 11-30 ਵਜੇ ਖੋਲ੍ਹੇ ਜਾਣਗੇ। ਮਿਤੀ 29-03-2017 ਨੂੰ ਖੋਲ੍ਹੇ ਗਏ ਟੈਂਡਰਾਂ ਨੂੰ ਮਿਤੀ 31-03-2017 ਤੱਕ ਫਾਈਨਲ ਕਰਨ ਨੂੰ ਯਕੀਨੀ ਬਣਾਇਆ ਜਾਵੇ। ਇੰਨ੍ਹਾਂ ਮਿਤੀਆਂ ਤੱਕ ਜਿਨ੍ਹਾਂ ਕੇਂਦਰਾਂ ਦੇ ਟੈਂਡਰ ਜੇਕਰ ਫਾਈਨਲ ਨਹੀਂ ਹੁੰਦੇ ਜਾਂ ਪੈਂਦੇ ਤਾਂ ਜਿਲਾ ਪੱਧਰ ਤੇ ਹੀ ਇਸ਼ਤਿਹਾਰ ਦਿੰਦੇ ਹੋਏ, ਜਿਲਾ ਪੱਧਰੀ ਟੈਂਡਰ ਅਲਾਟਮੈਂਟ ਕਮੇਟੀ ਵੱਲੋਂ ਮੁੜ ਸ਼ਾਰਟ ਟਰਮ ਟੈਂਡਰ ਕਾੱਲ ਕੀਤੇ ਜਾਣਗੇ।

4- ਉਕਤ ਸਬੰਧੀ ਆਪਨੂੰ ਮੁੜ ਲਿਖਿਆ ਜਾਂਦਾ ਹੈ ਕਿ ਉਕਤ ਕੰਮ ਸਬੰਧੀ ਟੈਂਡਰ ਪ੍ਰਕਿਰਿਆ ਨੂੰ ਸਮੇਂ ਸਿਰ ਮੁਕੰਮਲ ਕਰਨ ਨੂੰ ਯਕੀਨੀ ਬਣਾਇਆ ਜਾਵੇ।

ਵਧੀਕ ਡਾਇਰੈਕਟਰ (ਵਿੱਤ),
ਵਾ: ਪ੍ਰਮੁੱਖ ਸਕੱਤਰ, ਖੁਰਾਕ, ਸਿਵਲ ਸਪਲਾਈਜ਼ ਅਤੇ
ਖਪਤਕਾਰ ਮਾਮਲੇ ਵਿਭਾਗ ਪੰਜਾਬ।

ਪਿੱਠ ਅੰਕਣ ਨੰ: ਐਸ.ਏ(ਬ/ਫ)ਬੀ.ਜੀ.1/5(234)-2017/151/1 ਮਿਤੀ,ਚੰਡੀਗੜ੍ਹ: 23.03.2017

1- ਰੀਜਨਲ ਮੈਨੇਜਰ, ਐਫ.ਸੀ.ਆਈ., ਸੈਕਟਰ-31,ਚੰਡੀਗੜ੍ਹ ਨੂੰ ਸੂਚਨਾ/ਯੋਗ ਕਾਰਵਾਈ ਹਿੱਤ।
2- ਮੈਨੇਜਿੰਗ ਡਾਇਰੈਕਟਰ, ਪਨਗਰੇਨ, ਮਾਰਕਫੈਡ, ਪਨਸਪ, ਵੇਅਰਹਾਊਸ ਅਤੇ ਪੰਜਾਬ ਐਗਰੋ।
3- ਉਪਰੋਕਤ ਦਾ ਇੱਕ ਉਤਾਰਾ ਸਮੂਹ ਡਿਪਟੀ ਡਾਇਰੈਕਟਰ(ਫੀਲਡ),ਖੁਰਾਕ ਤੇ ਸਪਲਾਈਜ਼ ਵਿਭਾਗ, ਪੰਜਾਬ ਰਾਜ ।
4- ਸਮੂਹ ਜਿਲਾ ਕੰਟਰੋਲਰ, ਖੁਰਾਕ ਤੇ ਸਪਲਾਈਜ਼, ਪੰਜਾਬ ਰਾਜ ਨੂੰ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਟੈਂਡਰ ਪ੍ਰਕਿਰਿਆ ਨੂੰ ਮੁਕੰਮਲ ਕਰਨ ਲਈ, ਆਪਣੇ ਜਿਲੇ ਦੇ ਡਿਪਟੀ ਕਮਿਸ਼ਨਰ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ ਟੈਂਡਰ ਪ੍ਰਕਿਰਿਆ ਨੂੰ ਮੁਕੰਮਲ ਕਰਨ ਨੂੰ ਯਕੀਨੀ ਬਣਾਇਆ ਜਾਵੇ।

ਵਧੀਕ ਡਾਇਰੈਕਟਰ (ਵਿੱਤ),
ਵਾ: ਪ੍ਰਮੁੱਖ ਸਕੱਤਰ, ਖੁਰਾਕ, ਸਿਵਲ ਸਪਲਾਈਜ਼ ਅਤੇ
ਖਪਤਕਾਰ ਮਾਮਲੇ ਵਿਭਾਗ ਪੰਜਾਬ।

ਪੰਨਾ ਪਰਤੋ-------

ਪਿੱਠ ਅੰਕਣ ਨੰ: ਐਸ.ਏ(ਬ/ਫ)ਬੀ.ਜੀ.1/5(234)-2017/ **151/2** ਮਿਤੀ,ਚੰਡੀਗੜ੍ਹ: 23.03.2017

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਪੰਜਾਬ।
2. ਪੀ.ਏ./ਡਾਇਰੈਕਟਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਪੰਜਾਬ।

23/03/17

ਵਧੀਕ ਡਾਇਰੈਕਟਰ (ਵਿੱਤ),
ਵਾ: ਪ੍ਰਮੁੱਖ ਸਕੱਤਰ, ਖੁਰਾਕ, ਸਿਵਲ ਸਪਲਾਈਜ਼ ਅਤੇ
ਖਪਤਕਾਰ ਮਾਮਲੇ ਵਿਭਾਗ ਪੰਜਾਬ।

ਪਿੱਠ ਅੰਕਣ ਨੰ: ਐਸ.ਏ(ਬ/ਫ)ਬੀ.ਜੀ.1/5(234)-2017/**150/3** ਮਿਤੀ,ਚੰਡੀਗੜ੍ਹ: 23.03.2017

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ:-

1. ਵਧੀਕ ਡਾਇਰੈਕਟਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਪੰਜਾਬ।
2. ਡਿਪਟੀ ਡਾਇਰੈਕਟਰ, ਕੰਪਿਊਟਰ ਸ਼ਾਖਾ, ਮੁੱਖ ਦਫਤਰ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਨਾਲ ਨੱਥੀ ਪਾਲਿਸੀ ਹਦਾਇਤਾਂ ਦੇ ਸੋਧ ਪੱਤਰ ਨੂੰ ਵਿਭਾਗ ਦੀ ਵੈਬਸਾਇਟ ਤੇ ਤੁਰੰਤ ਅਪਲੋਡ ਕੀਤਾ ਜਾਵੇ।

23/3/17

ਵਧੀਕ ਡਾਇਰੈਕਟਰ (ਵਿੱਤ),
ਵਾ: ਪ੍ਰਮੁੱਖ ਸਕੱਤਰ, ਖੁਰਾਕ, ਸਿਵਲ ਸਪਲਾਈਜ਼ ਅਤੇ
ਖਪਤਕਾਰ ਮਾਮਲੇ ਵਿਭਾਗ ਪੰਜਾਬ।